| U.S. ਡਿਪਾਰਟਮੈਂਟ ਆੱਫ਼ ਜਸਟਿਸ | U.S. ਡਿਪਾਰਟਮੈਂਟ ਆੱਫ਼ ਐਜੂਕੇਸ਼ਨ | ਇਹਨਾਂ ਬਾਰੇ ਵਾਈਟ ਹਾਊਸ ਪਹਿਲਕਦਮੀ |
|---|---|---|
| *ਸਿਵਿਲ ਹੱਕਾਂ ਲਈ ਡਿਵੀਜ਼ਨ* | *ਸਿਵਿਲ ਰਾਈਟਸ ਡਿਵੀਜ਼ਨ ਆੱਫ਼ਿਸ* | **ਏਸ਼ਿਆਈ ਅਮਰੀਕੀ ਅਤੇ ਪੈਸੀਫ਼ਿਕ ਆਈਲੈਂਡਰਜ਼** |

## AANHPI ਅਤੇ MASSA ਵਿਦਿਆਰਥੀਆਂ ਖ਼ਿਲਾਫ਼ ਹੋਣ ਵਾਲੇ ਪੱਖਪਾਤ ਦਾ ਮੁਕਾਬਲਾ ਕਰਨਾ

U.S. ਡਿਪਾਰਟਮੈਂਟ ਆੱਫ਼ ਜਸਟਿਸ ਦੀ ਸਿਵਿਲ ਰਾਈਟਸ ਡਿਵੀਜ਼ਨ (CRT) ਅਤੇ U.S. ਡਿਪਾਰਟਮੈਂਟ ਆੱਫ਼ ਐਜੂਕੇਸ਼ਨ ਦੇ ਸਿਵਿਲ ਰਾਈਟਸ ਬਾਰੇ ਦਫ਼ਤਰ (OCR) ਸਾਰੇ ਵਿਦਿਅਕ ਪੱਧਰਾਂ 'ਤੇ ਸਰਕਾਰੀ ਅਤੇ ਫ਼ੈਡਰਲ ਤੌਰ 'ਤੇ ਦਿੱਤੀਆਂ ਜਾਂਦੀਆਂ ਰਕਮਾਂ ਨਾਲ ਚੱਲਣ ਵਾਲੀਆਂ ਸੰਸਥਾਵਾਂ ਵਿਚ ਫ਼ੈਡਰਲ ਸਿਵਿਲ ਹੱਕਾਂ ਬਾਰੇ ਕਾਨੂੰਨ ਲਾਗੂ ਕਰਦੇ ਹਨ। ਇਹ ਕਾਨੂੰਨ ਸਾਰੇ ਵਿਦਿਆਰਥੀਆਂ, ਸਮੇਤ ਏਸ਼ਿਆਈ ਅਮਰੀਕੀ, ਮੂਲ ਹਵਾਈਅਨ ਅਤੇ ਪੈਸੀਫ਼ਿਕ ਆਈਲੈਂਡਰਜ਼ (AANHPI) ਅਤੇ ਮੁਸਲਿਮ, ਅਰਬ, ਸਿੱਖ ਅਤੇ ਦੱਖਣ ਏਸ਼ਿਆਈ (MASSA), ਦੀ ਜਾਤ, ਰੰਗ ਅਤੇ ਰਾਸ਼ਟਰੀ ਮੂਲ (ਜਿਸ ਵਿਚ ਭਾਸ਼ਾ ਅਤੇ ਸਾਂਝੇ ਨਸਲੀ ਗੁਣ-ਲੱਛਣ ਵੀ ਸ਼ਾਮਲ ਹਨ) ਅਧਾਰਤ ਪੱਖਪਾਤ ਤੋਂ ਰਾਖੀ ਕਰਦੇ ਹਨ। CRT ਸਰਕਾਰੀ ਸਕੂਲਾਂ ਵਿਚ ਧਾਰਮਿਕ ਪੱਖਪਾਤ ਉਤੇ ਪਾਬੰਦੀਆਂ ਵੀ ਲਾਗੂ ਕਰਦਾ ਹੈ। ਸਕੂਲਾਂ ਨੂੰ ਪੱਖਪਾਤ ਦੀਆਂ ਸ਼ਿਕਾਇਤਾਂ, ਜਿਸ ਵਿਚ ਜਾਤ, ਰੰਗ, ਨਸਲੀ ਮੂਲ ਜਾਂ ਧਰਮ ਦੇ ਅਧਾਰ 'ਤੇ ਤੰਗ-ਪਰੇਸ਼ਾਨ ਕਰਨਾ ਜਾਂ ਬਦਮਾਸ਼ੀ ਕਰਨਾ ਸ਼ਾਮਿਲ ਹੈ, ਬਾਰੇ ਫ਼ੌਰਨ ਅਤੇ ਢੁਕਵੀਂ ਕਾਰਵਾਈ ਜ਼ਰੂਰ ਕਰਨੀ ਚਾਹੀਦੀ ਹੈ। ਹੇਠਾਂ, ਸਕੂਲ ਦੇ ਅਫ਼ਸਰਾਂ ਵਲੋਂ ਕਾਰਵਾਈ ਕਰਨ ਜਾਂ ਕੁਝ ਕੇਸਾਂ ਵਿਚ ਕਾਰਵਾਈ ਨਾ ਕੀਤੇ ਜਾਣ ਦੇ ਉਦਾਹਰਣ ਦਿੱਤੇ ਗਏ ਹਨ, ਜਿਸ ਨਾਲ CRT ਜਾਂ OCR ਵਲੋਂ ਲਾਗੂ ਕੀਤੇ ਜਾਣ ਵਾਲੇ ਕਾਨੂੰਨਾਂ ਦੀ ਉਲੰਘਣਾ ਹੋ ਸਕਦੀ ਹੈ:

- *ਇੱਕ ਕੋਰੀਆਈ-ਅਮਰੀਕੀ ਵਿਦਿਆਰਥਣ ਨੇ ਪ੍ਰਿੰਸੀਪਲ ਨੂੰ ਦੱਸਿਆ ਕਿ ਕੋਰੀਆਈ ਵਿਦਿਆਰਥੀਆਂ ਦਾ ਇੱਕ ਗਰੁਪ ਵਾਰ ਵਾਰ ਉਸਦੀ ਏਸ਼ਿਆਈ ਇਤਿਹਾਸ ਦੀ ਟੈਕਸਟਬੁੱਕ ਚੋਰੀ ਕਰਦਾ ਹੈ ਅਤੇ ਕਿਹਾ ਕਿ ਉਹ "ਮੂਲ ਕੋਰੀਆਈ" ਨਹੀਂ ਹੈ, ਕਿਉਂਕਿ ਉਹ ਸਿਰਫ਼ ਅੰਗ੍ਰੇਜ਼ੀ ਬੋਲਦੀ ਹੈ। ਪ੍ਰਿੰਸੀਪਲ ਨੇ ਉਸਨੂੰ ਕਿਹਾ ਕਿ ਕਿਉਂਕਿ ਉਸ ਨੂੰ ਪਰੇਸ਼ਾਨ ਕਰਨ ਵਾਲੇ ਵਿਦਿਆਰਥੀ ਵੀ ਕੋਰੀਆਈ ਹਨ, ਇਹ ਸ਼ਾਇਦ ਦੋਸਤਾਂ ਵਿਚਕਾਰ ਗ਼ਲਤਫ਼ਹਿਮੀ ਸੀ ਅਤੇ ਉਸ ਨੇ ਕੋਈ ਕਾਰਵਾਈ ਨਹੀਂ ਕੀਤੀ।*
- *ਸਕੂਲ ਜਾਣ ਲਈ ਇੱਕ ਸਿੱਖ ਵਿਦਿਆਰਥੀ ਆਪਣੀ ਪੱਗ ਬੰਨ੍ਹਦਾ ਹੈ। ਟੀਚਰ ਨੇ ਉਸਨੂੰ ਕਿਹਾ ਕਿ ਆਪਣੇ ਆਪ ਦੀ ਰਾਖੀ ਲਈ ਉਸ ਨੂੰ ਪੱਗ ਲਾਹ ਦੇਣੀ ਚਾਹੀਦੀ ਹੈ, ਟੀਚਰ ਨੇ ਇਲਾਕੇ ਵਿਚ ਹਾਲ ਵਿਚ ਮੁਸਲਿਮਾਂ ਨੂੰ ਨਿਸ਼ਾਨਾ ਬਣਾਕੇ ਕੀਤੇ ਗਏ ਹਮਲਿਆਂ ਦਾ ਹਵਾਲਾ ਦਿੱਤਾ ਸੀ। ਵਿਦਿਆਰਥੀ ਨੇ ਟੀਚਰ ਨੂੰ ਦੱਸਿਆ ਕਿ ਉਹ ਸਿੱਖ ਹੈ। ਜਦੋਂ ਉਸ ਨੇ ਪੱਗ ਲਾਹੁਣ ਤੋਂ ਮਨ੍ਹਾ ਕਰ ਦਿੱਤਾ, ਤਾਂ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।*
- *ਚੀਨ ਤੋਂ ਆਏ ਇੱਕ ਵਿਦਿਆਰਥੀ ਨੂੰ ਸਕੂਲ ਦੇ ਵਿਹਾਰ ਦੇ ਜ਼ਾਬਤੇ ਦੀ ਉਲੰਘਣਾ ਕਰਨ ਬਦਲੇ ਸਕੂਲੋਂ ਬਾਹਰ ਹੋਣ ਲਈ ਮੁਅੱਤਲ ਕਰ ਦਿੱਤਾ ਗਿਆ। ਮੁਅੱਤਲ ਕਰਨ ਬਾਰੇ ਗੱਲਬਾਤ ਕਰਨ ਲਈ ਸਹਾਇਕ ਪ੍ਰਿੰਸੀਪਲ ਨਾਲ ਮੀਟਿੰਗ ਤੋਂ ਪਹਿਲਾਂ, ਵਿਦਿਆਰਥੀ ਦੇ ਮਾਤਾ-ਪਿਤਾ ਨੇ ਦੁਭਾਸ਼ੀਏ ਲਈ ਬੇਨਤੀ ਕੀਤੀ, ਪਰ ਸਕੂਲ ਪ੍ਰਸ਼ਾਸਕਾਂ ਨੇ ਦੁਭਾਸ਼ੀਏ ਦਾ ਪ੍ਰਬੰਧ ਨਹੀਂ ਕੀਤਾ । ਜਦੋਂ ਮਾਤਾ-ਪਿਤਾ ਮੀਟਿੰਗ ਲਈ ਪਹੁੰਚੇ, ਤਾਂ ਉਥੇ ਕੋਈ ਦੁਭਾਸ਼ੀਆ ਨਹੀਂ ਸੀ ਅਤੇ ਸਹਾਇਕ ਪ੍ਰਿੰਸੀਪਲ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰ ਦਿੱਤੀ।*
- *9/11 ਬਾਰੇ ਇੱਕ ਪਾਠ ਦੌਰਾਨ, ਮਿਡਲ ਸਕੂਲ ਦੀ ਕਲਾਸ ਵਿੱਚ ਇੱਕ ਮੁਸਲਿਮ ਵਿਦਿਆਰਥੀ ਦੇ ਹਮਜਮਾਤੀਆਂ ਨੇ ਉਸ ਨੂੰ ਦਹਿਸ਼ਤਗਰਦ ਬੁਲਾਇਆ ਅਤੇ ਉਸਨੂੰ ਵਾਪਸ ਆਪਣੇ ਦੇਸ਼ ਜਾਣ ਲਈ ਕਿਹਾ। ਟੀਚਰ ਨੇ ਕਲਾਸ ਨੂੰ ਦੱਸਿਆ ਕਿ ਕੁਝ ਮੁਸਲਿਮ ਹੀ ਦਹਿਸ਼ਤਗਰਦ ਹੁੰਦੇ ਹਨ ਅਤੇ ਵਿਦਿਆਰਥੀ ਨੂੰ ਪੁੱਛਿਆ ਕਿ ਮੁਸਲਿਮ 9/11 ਦੇ ਦਹਿਸ਼ਤਗਰਦ ਹਮਲੇ ਨੂੰ ਕਿਉਂ ਨਹੀਂ ਨਿੰਦਦੇ। ਵਿਦਿਆਰਥੀ ਨੇ ਆਪਣੇ ਟੀਚਰ ਅਤੇ ਹਮਜਮਾਤੀਆਂ ਦੀਆਂ ਕਹੀਆਂ ਗੱਲਾਂ ਬਾਰੇ ਸ਼ਿਕਾਇਤ ਕੀਤੀ, ਪਰ ਸਕੂਲ ਦੇ ਅਫ਼ਸਰ ਨੇ ਜਵਾਬ ਦੇਣ ਲਈ ਕੋਈ ਕਾਰਵਾਈ ਨਹੀਂ ਕੀਤੀ।*
- *ਇੱਕ ਹਾਈ ਸਕੂਲ ਸਿਰਫ਼ ਉਹਨਾਂ EL ਵਿਦਿਆਰਥੀਆਂ ਨੂੰ ਅੰਗ੍ਰੇਜ਼ੀ ਸਿਖਿਅਕ(EL) ਸੇਵਾਵਾਂ ਦਿੰਦਾ ਹੈ, ਜੋ ਸਪੈਨਿਸ਼ ਬੋਲਦੇ ਹਨ। ਜਦੋਂ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੇ ਆਪਣੀਆਂ ਐਡਵਾਂਸਡ ਪਲੇਸਮੈਂਟ (AP) ਕਲਾਸਾਂ ਵਿਚ ਉਹਨਾਂ ਦੀ ਮਦਦ ਲਈ EL ਸੇਵਾਵਾਂ ਬਾਰੇ ਪੁੱਛਿਆ, ਤਾਂ ਪ੍ਰਿੰਸੀਪਲ ਨੇ ਉਹਨਾਂ ਨੂੰ ਕਿਹਾ ਕਿ ਉਹ EL ਸੇਵਾਵਾਂ ਅਤੇ AP ਕਲਾਸਾਂ ਦੋਵੇਂ ਨਹੀਂ ਕਰ ਸਕਦੇ।*
- *ਜਿਮ ਦੀ ਕਲਾਸ ਵਿਚ ਹਰ ਹਫ਼ਤੇ ਕੁਝ ਹੋਰ ਵਿਦਿਆਰਥੀ, ਏਸ਼ਿਆਈ ਵਿਦਿਆਰਥੀਆਂ ਦੇ ਇੱਕ ਗਰੁਪ ਨੂੰ ਧੱਕਾ ਮਾਰਦੇ ਸੀ ਅਤੇ ਤਾਅਣੇ ਮਾਰਦਿਆਂ ਕਹਿੰਦੇ, "ਏਸ਼ਿਆਈ ਮੈਥ ਵਿਚ ਤਾਂ ਚੰਗੇ ਮੰਨੇ ਜਾਂਦੇ ਹਨ – ਪਰ ਬਾਸਕੇਟਬਾੱਲ ਵਿਚ ਨਹੀਂ।" ਜਦੋਂ ਇਹਨਾਂ ਨੇ ਟੀਚਰ ਨੂੰ ਸ਼ਿਕਾਇਤ ਕੀਤੀ, ਤਾਂ ਉਹਨਾਂ ਨੂੰ ਕਿਹਾ ਗਿਆ ਕਿ ਵਧੀਆ ਜਵਾਬ ਇਹੀ ਹੈ ਕਿ ਉਹਨਾਂ ਹੋਰਨਾਂ ਵਿਦਿਆਰਥੀਆਂ ਨੂੰ ਨਜ਼ਰਅੰਦਾਜ਼ ਕਰੋ ਅਤੇ ਜਿਮ ਦੀ ਕਲਾਸ ਵਿਚ ਬਿਹਤਰ ਕਰਨ 'ਤੇ ਧਿਆਨ ਦਿਓ।*

**ਸਕੂਲਾਂ ਵਿਚ ਹੋਏ ਪੱਖਪਤ ਬਾਰੇ ਜਾਣਕਾਰੀ ਨਾਲ ਕੋਈ ਵੀ ਇਹਨਾਂ ਨਾਲ ਸੰਪਰਕ ਕਰਕੇ ਸ਼ਿਕਾਇਤ ਦਾਇਰ ਕਰ ਸਕਦਾ ਹੈ:**

**U.S. ਡਿਪਾਰਟਮੈਂਟ ਆੱਫ਼ ਜਸਟਿਸ, ਸਿਵਿਲ ਰਾਈਟਸ ਡਿਵੀਜ਼ਨ**
**ਵਿਦਿਅਕ ਮੌਕਿਆਂ ਬਾਰੇ ਸੈਕਸ਼ਨ**
**ਈਮੇਲ: education@usdoj.gov**
**ਟੈਲੀਫੋਨ: 202-514-4092 ਜਾਂ 877-292-3804**
**TTY:800-514-0383**

**U.S. ਡਿਪਾਰਟਮੈਂਟ ਆੱਫ਼ ਐਜੂਕੇਸ਼ਨ, ਸਿਵਿਲ ਹੱਕਾਂ ਬਾਰੇ ਦਫ਼ਤਰ**
**ਈਮੇਲ: ocr@ed.gov**
**ਟੈਲੀਫੋਨ: 202-453-6100 ਜਾਂ 800-421-3481**
**TDD: 800-877-8339**
**ਭਾਸ਼ਾ ਬਾਰੇ ਮਦਦ: 800-USA-LEARN (800-872-5327)**

**OCR ਲੋਕਾਂ ਨੂੰ ਤਕਨੀਕੀ ਮਦਦ ਦੀ ਵੀ ਪੇਸ਼ਕਸ਼ ਕਰਦਾ ਹੈ ਅਤੇ ਸਕੂਲਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਸੁਆਲਾਂ ਅਤੇ ਉਹਨਾਂ ਕਾਨੂੰਨਾਂ, ਜਿਹਨਾਂ ਨੂੰ OCR ਲਾਗੂ ਕਰਦਾ ਹੈ, ਹੇਠ ਵਿਦਿਆਰਥੀਆਂ ਅਤੇ ਮਾਤਾ-ਪਿਤਾ ਦੇ ਹੱਕਾਂ ਬਾਰੇ ਜਵਾਬ ਦੇਏਗਾ।**

**CRT ਅਤੇ OCR ਵਲੋਂ ਲਾਗੂ ਕਾਨੂੰਨਾਂ, ਜਿਹਨਾਂ ਵਿਚ ਅਪੰਗਤਾ ਅਤੇ ਲਿੰਗ (ਇਸ ਵਿਚ ਲਿੰਗ ਪਛਾਣ ਅਤੇ ਲਿੰਗ ਨਾਲ ਜੁੜੇ ਨੇਮਾਂ ਦੀ ਵਿਰੋਧਤਾ ਕਰਨਾ ਸ਼ਾਮਿਲ ਹੁੰਦਾ ਹੈ) ਦੇ ਅਧਾਰ 'ਤੇ ਉਸ ਮਨਾਹੀ ਵਾਲੇ ਪੱਖਪਾਤ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਨੂੰ www.justice.gov/crt/edo ਅਤੇ www.ed.gov/ocr 'ਤੇ ਮਿਲੋ।**

**[OCR-00093-PA]**